**ਆਖਰੀ ਐਪੀਸੋਡ**
**ਐਡੀਸ਼ਨ ਫੋਰ ਸਿੱਖ ਆਫ ਅਮਰੀਕਾ ਵਰਲਡ ਕੰਪੀਟੀਸ਼ਨ**
**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ।**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ।**

**ਭਾਈ ਬਾਲਾ ਜੀ।**

ਪ1. ਗੁਰੂ ਨਾਨਕ ਦੇਵ ਜੀ ਦਾ ਉਮਰ ਭਰ ਦਾ ਸਾਥੀ ਕੌਣ ਸੀ?
ੳ. ਭਾਈ ਬਾਲਾ ਸੰਧੂ (1466-1544)
ਰਾਏ ਭੋਏ ਦੀ ਤਲਵੰਡੀ ਦੇ ਜੱਟ ਚੰਦਰ ਭਾਨ ਦਾ ਪੁੱਤਰ ਭਾਈ ਬਾਲਾ ਗੁਰੂ ਨਾਨਕ ਦੇਵ ਜੀ ਦਾ ਉਮਰ ਭਰ ਦਾ ਸਾਥੀ ਸੀ। ਇਹ ਪਿੰਡ ਹੁਣ ਨਨਕਾਣਾ ਸਾਹਿਬ ਦੇ ਨਾਮ ਨਾਲ ਮਸ਼ਹੂਰ ਹੈ ਜੋ ਅੰਗਰੇਜ਼ਾਂ ਦੁਆਰਾ ਧਰਮ ਦੇ ਆਧਾਰ ਤੇ ਭਾਰਤ ਦੀ ਵੰਡ ਕਰਨ ਉਪਰੰਤ ਪਾਕਿਸਤਾਨ ਦੇ ਹਿੱਸੇ ਆਇਆ। ਭਾਈ ਬਾਲਾ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਤਿੰਨ ਸਾਲ ਇੱਕ ਵੱਡੇ ਸਨ। ਇਹ ਦੋਵੇਂ ਬਚਪਨ ਦੇ ਸਾਥੀ ਸਨ। ਤਲਵੰਡੀ ਤੋਂ ਬਾਅਦ ਭਾਈ ਬਾਲਾ ਗੁਰੂ ਨਾਨਕ ਦੇਵ ਜੀ ਨਾਲ ਸੁਲਤਾਨਪੁਰ ਸਾਹਿਬ ਗਏ ਜਿੱਥੇ ਉਹ ਕਾਫ਼ੀ ਦੇਰ ਗੁਰੂ ਸਾਹਿਬ ਨਾਲ ਰਹਿਣ ਉਪਰੰਤ ਵਾਪਸ ਪਿੰਡ ਆ ਗਏ।

ਪ2. ਭਾਈ ਬਾਲਾ ਜੀ ਕਿੱਥੋਂ ਤੁਰੇ?
ੳ. ਭਾਈ ਬਾਲਾ ਜੀ ਦੀ ਜਨਮ ਸਾਖੀ ਅਨੁਸਾਰ ਭਾਈ ਬਾਲਾ ਜੀ ਰਾਏ ਬੁਲਾਰ ਦੇ ਸੱਦੇ ਤੇ ਤਲਵੰਡੀ ਛੱਡ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਲਈ ਨਿਕਲੇ। ਉਦੋ ਤੱਕ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਛੱਡ ਅੱਗੇ ਨਿਕਲ ਚੁੱਕੇ ਸਨ। ਭਾਈ ਬਾਲਾ ਜੀ ਸੈਦਪੁਰ ਵਿਖੇ ਭਾਈ ਲਾਲੋ ਦੇ ਘਰ ਗੁਰੂ ਨਾਨਕ ਦੇਵ ਜੀ ਨੂੰ ਮਿਲੇ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲਾ ਜੀ ਨੂੰ ਤਲਵੰਡੀ ਤੋਂ ਖਡੂਰ ਸਾਹਿਬ ਬੁਲਾਇਆ ਅਤੇ ਗੁਰੂ ਸਾਹਿਬ ਦੇ ਜੀਵਨ ਦੌਰਾਨ ਵਾਪਰੀਆਂ ਘਟਨਾਵਾਂ ਸੁਣਾਉਣ ਲਈ ਕਿਹਾ। ਪੁਰਾਣੀ ਲਿਖਤ ਮਹਿਮਾ ਪ੍ਰਕਾਸ਼ ਵਿੱਚ ਇਸ ਤਰ੍ਹਾਂ ਦਾ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ।

ਪ3. ਇਹ ਬਚਨ ਕੀ ਦਰਸਾਉਂਦੇ ਹਨ?
ੳ. ਗੁਰੂ ਅੰਗਦ ਦੇਵ ਜੀ ਬਾਬਾ ਬੁੱਢਾ ਜੀ ਨੂੰ ਕਹਿੰਦੇ ਹਨ ਕਿ ਉਸ ਸ਼ਰਧਾਲੂ ਨੂੰ ਲੱਭੋ ਜਿਸ ਨੇ ਗੁਰੂ ਨਾਨਕ ਨਾਲ ਸਾਰੀ ਉਮਰ ਕੱਟੀ। ਉਨ੍ਹਾਂ ਨਾਲ ਦੂਰ ਦੁਰਾਡੇ ਦੀਆਂ ਯਾਤਰਾ ਤੇ ਗਿਆ, ਜਿਸ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਸੁਣੀਆਂ ਅਤੇ ਹੋਰ ਅਨੇਕਾਂ ਚਮਤਕਾਰ ਆਪਣੀਆਂ ਅੱਖਾਂ ਨਾਲ ਦੇਖੇ। ਉਸ ਕੋਲੋਂ ਇਹ ਸਭ ਗੱਲਾਂ ਸੁਣ ਕੇ ਇਨ੍ਹਾਂ ਨੂੰ ਇੱਕ ਲਿਖਤ ਤਿਆਰ ਕਰੋ ਜੋ ਹੋਰ ਵੀ ਪੜ੍ਹਨ ਵਾਲੀਆਂ ਸੰਗਤਾਂ ਦਾ ਦਿਲ ਜਿੱਤ ਲਏ। ਭਾਈ ਬਾਲਾ ਸੰਧੂ ਜੀ ਹਾਜ਼ਰ ਹੋਏ।

ਪ4. ਇਨ੍ਹਾਂ ਸਭ ਘਟਨਾਵਾਂ ਦੇ ਹਵਾਲੇ ਕਿੱਥੇ ਦਰਜ਼ ਕੀਤੇ ਗਏ?
ੳ. ਇਹ ਸਭ ਘਟਨਾਵਾਂ ਗੁਰੂ ਅੰਗਦ ਸਾਹਿਬ ਜੀ ਦੀ ਹਾਜਰੀ ਵਿੱਚ ਗੁਰਮੁਖੀ ਵਿੱਚ ਪਿਆਰਾ ਮੋਖਾ ਜੀ ਨੇ ਦਰਜ ਕੀਤੀਆਂ। ਨਤੀਜੇ ਵੱਜੋਂ ਭਾਈ ਬਾਲੇ ਵਾਲੀ ਜਨਮਸਾਖੀ ਤਿਆਰ ਕੀਤੀ ਗਈ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਜ਼ਿੰਦਗੀ ਦੀਆਂ ਸਭ ਘਟਨਾਵਾਂ ਦਰਜ ਸਨ। ਭਾਈ ਬਾਲਾ ਜੀ 1544 ਵਿੱਚ ਖਡੂਰ ਸਾਹਿਬ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਯਾਦ ਵਿੱਚ ਇੱਕ ਥੜ੍ਹਾ ਬਣਾਇਆ ਗਿਆ ਹੈ। ਇਹ ਥੜਾ ਗੁਰਦੁਆਰਾ ਤਪਿਆਣਾ ਸਾਹਿਬ ਦੇ ਵਿੱਚ ਉਸ ਜਗ੍ਹਾ ਤੇ ਬਣਾਇਆ ਗਿਆ ਜਿੱਥੇ ਭਾਈ ਬਾਲਾ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ।

ਪ5. ਭਾਈ ਬਾਲਾ ਜੀ ਦੀ ਪਹਿਚਾਣ ਕਿੰਨੀ ਵਿਵਾਦਗ੍ਰਸਤ ਹੈ?
ੳ. ਭਾਈ ਬਾਲਾ ਜੀ ਦੀ ਹੋਂਦ ਓਨੀ ਹੀ ਵਿਵਾਦਗ੍ਰਸਤ ਹੈ ਜਿੰਨੀ ਇਸ ਜਨਮਸਾਖੀ ਦੀ ਭਰੋਸੇਯੋਗਤਾ। ਭਾਈ ਬਾਲਾ ਜੀ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵੀ ਨਹੀਂ ਆਉਂਦਾ ਅਤੇ ਨਾ ਹੀ ਪੁਰਾਤਨ ਜਨਮ ਸਾਖੀ 'ਸਾਖੀ ਮਿਹਰਬਾਨ' ਵਿੱਚ ਇਸ ਦਾ ਜ਼ਿਕਰ ਆਉਂਦਾ ਹੈ। ਇਹ ਦੋਵੇਂ ਲਿਖਤਾਂ ਭਾਈ ਬਾਲਾ ਦੀ ਜਨਮ ਸਾਖੀ ਤੋਂ ਪੁਰਾਣੀਆਂ ਹਨ। ਸਭ ਤੋਂ ਪੁਰਾਣੀ ਲਿਖਤ 1658 ਦੀ

ਮਿਲਦੀ ਹੈ। 'ਭਾਈ ਬਾਲਾ ਜਨਮ ਸਾਖੀ' ਦੇ ਅਖੀਰ ਵਿੱਚ ਜਨਮ ਸਾਖੀ ਲਫ਼ਜ਼ ਆਉਣ ਨਾਲ ਉਨੀਵੀਂ ਸਦੀ ਦੇ ਸਿੱਖ ਇਤਿਹਾਸਕਾਰ ਅਤੇ ਵਿਦਵਾਨ ਭਾਈ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਇਸ ਉਪਰ ਭਰੋਸਾ ਕਰਦੇ ਹਨ ਅਤੇ ਇਹ ਨਾਮ ਸਿੱਖ ਸਫ਼ਾਂ ਵਿੱਚ ਸਥਾਪਤ ਹੋ ਗਿਆ।

ਪ6. ਭਾਈ ਗੁਰਦਾਸ ਭੱਲਾ ਜੀ ਵੱਲੋਂ ਇਸ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਗਿਆ?
ਉ. ਇਹ ਗੱਲ ਹੈਰਾਨੀਜਨਕ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਸ਼ਹੂਰ ਸਿੱਖਾਂ ਵਿੱਚੋਂ ਇੱਕ ਭਾਈ ਬਾਲਾ ਜੀ ਦਾ ਨਾਮ ਸਿੱਖੀ ਦੇ ਸਥਾਪਤ ਵਿਦਵਾਨ ਭਾਈ ਗੁਰਦਾਸ ਭੱਲਾ ਜੀ ਵੱਲੋਂ ਅੱਖੋਂ ਪਰੋਖੇ ਕੀਤਾ ਗਿਆ। ਆਪਣੀ 11ਵੀਂ ਵਾਰ ਵਿੱਚ ਜਿੱਥੇ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂਆਂ ਦਾ ਜ਼ਿਕਰ ਕਰਦੇ ਹਨ ਉਸ ਜਗ੍ਹਾ ਵਿੱਚ ਭਾਈ ਬਾਲਾ ਜੀ ਦਾ ਨਾਮ ਨਹੀਂ ਲਿਆ ਗਿਆ। ਇੱਥੋਂ ਤੱਕ ਕਿ ਭਾਈ ਗੁਰਦਾਸ ਜੀ ਵੱਲੋਂ ਦੌਲਤ ਖ਼ਾਨ ਲੋਧੀ ਨੂੰ ਵੀ ਗੁਰੂ ਨਾਨਕ ਦੇ ਸ਼ਰਧਾਲੂਆਂ ਵਿੱਚ ਸ਼ਾਮਲ ਕੀਤਾ ਗਿਆ ਪਰ ਭਾਈ ਬਾਲਾ ਜੀ ਨੂੰ ਨਹੀਂ। ਆਪਣੀ ਪਹਿਲੀ ਵਾਰ ਵਿੱਚ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਜ਼ਿਕਰ ਬੜੇ ਸੰਖੇਪ ਰੂਪ ਵਿੱਚ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਤੀਸਰੀ ਉਦਾਸੀ ਸਮੇਂ ਮੱਕਾ ਮਦੀਨਾ ਦੀ ਯਾਤਰਾ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਜੀ ਲਿਖਦੇ ਹਨ " ਬਾਬਾ ਗਿਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ ਇੱਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ"।